Terminal Systems Inc.

# ਡੈਲਟਾਪੋਰਟ ਵਿਖੇ ਨਵੇਂ ਨੇਵਿਸ ਟਰਮੀਨਲ ਅਪਰੇਟਿੰਗ ਸਿਸਟਮ ਬਾਰੇ ਜ਼ਰੂਰੀ ਸੂਚਨਾ

ਦਿਨ ਸੋਮਵਾਰ, 31 ਮਾਰਚ ਤੋਂ ਡੈਲਟਾਪੋਰਟ ਆਪਣਾ ਕੰਮਕਾਰ ਇਕ ਨਵੇਂ ਕੰਪਿਊਟਰ ਸਿਸਟਮ ਨਾਲ ਕਰਨਾ ਸ਼ੁਰੂ ਕਰੇਗੀ ਜਿਸ ਵਿਚ ਡੈਲਟਾਪੋਰਟ ਰੀਜ਼ਰਵੇਸ਼ਨ ਸਿਸਟਮ ਵਿਚ ਤਬਦੀਲੀਆਂ ਵੀ ਸ਼ਾਮਲ ਹਨ। ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਇਸ ਤਬਦੀਲੀ ਦੇ ਨਤੀਜੇ ਵਜੋਂ ਡੈਲਟਾਪੋਰਟ ਦੇ ਗੇਟ 31 ਮਾਰਚ ਨੂੰ ਬੰਦ ਰਹਿਣਗੇ।

ਨਵੇਂ ਸਿਸਟਮ ਵੱਲ ਤਬਦੀਲ ਹੋਣ ਦੇ ਕਾਰਨ, ਡੈਲਟਾਪੋਰਟ ਕਾਜ਼ਵੇਅ ’ਤੇ ਟਰੱਕਾਂ ਦੀਆਂ ਲਾਈਨਾਂ ਅਤੇ ਯਾਰਡ ਵਿਚ ਟਰੱਕਾਂ ਦੇ ਮੁੜਣ ਦੇ ਸਮੇਂ ਮੌਜੂਦਾ ਸਮਿਆਂ ਨਾਲੋਂ ਲੰਬੇ ਹੋਣਗੇ, ਕਿਉਂਕਿ ਹਰ ਕੋਈ ਨਵਾਂ ਸਿਸਟਮ ਅਪਣਾ ਰਿਹਾ ਹੋਵੇਗਾ। ਦੇਰੀਆਂ ਨੂੰ ਘੱਟ ਤੋਂ ਘੱਟ ਕਰਨ ਲਈ, ਸਕਿਉਰੀਗਾਰਡ ਕੌਜ਼ਵੇਅ ’ਤੇ ਗਸ਼ਤ ਕਰੇਗਾ, ਕਿਰਪਾ ਕਰਕੇ ਉਨ੍ਹਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਹਿਦਾਇਤਾਂ ਦੀ ਪਾਲਣਾ ਕਰੋ।

ਟਰੱਕ ਡਰਾਈਵਰਾਂ ਲਈ ਜਿਹੜੀ ਸਭ ਤੋਂ ਮਹੱਤਵਪੂਰਨ ਤਬਦੀਲੀ ਹੋਵੇਗੀ, ਉਹ ਇਹ ਹੈ ਕਿ ਟਰਮੀਨਲ ’ਤੇ ਪਹੁੰਚਣ ਵੇਲੇ ਉਨ੍ਹਾਂ ਨੂੰ **ਚਾਰ ਅੰਕਾਂ ਵਾਲਾ ਵਿਜ਼ਟ ਨੰਬਰ** ਜ਼ਰੂਰ ਦੇਣਾ ਪਵੇਗਾ। ਇਹ ਵਿਜ਼ਟ ਨੰਬਰ ਪਹਿਲਾਂ ਵਰਤੇ ਜਾਂਦੇ ਰੀਜ਼ਰਵੇਸ਼ਨ ਨੰਬਰ ਦੀ ਥਾਂ ਲੈਂਦਾ ਹੈ। ਟਰਮੀਨਲ ਨੂੰ ਹਰ ਟਰਿੱਪ ਲਈ ਇਕ **ਵਿਜ਼ਟ ਨੰਬਰ** ਚਾਹੀਦਾ ਹੈ ਭਾਵੇਂ ਕਿ ਕਈ ਕਨਟੇਨਰ ਚੁੱਕਣੇ ਅਤੇ/ਜਾਂ ਛੱਡਣੇ ਹੋਣ। ਰੀਜ਼ਰਵੇਸ਼ਨ ਲੈਣ ਲਈ ਤੁਹਾਡੇ ਡਿਸਪੈਚਰ ਨੇ ਟੀ ਐੱਸ ਆਈ ਨੂੰ ਪਹਿਲਾਂ ਹੀ ਬੁਕਿੰਗ/ਕਨਟੇਨਰ ਦੀ ਸਾਰੀ ਜਾਣਕਾਰੀ ਦੇ ਦਿੱਤੀ ਹੋਵੇਗੀ।

*****ਵਿਜ਼ਟ ਨੰਬਰ ਇਕ ਨਿਰਾਲੇ ਤਰੀਕੇ ਨਾਲ ਟਰੱਕਰ ਦੀ ਪਛਾਣ ਕਰਦਾ ਹੈ ਅਤੇ ਇਹ ਕਿਸੇ ਹੋਰ ਟਰੱਕਿੰਗ ਕੰਪਨੀ ਵਲੋਂ ਵਰਤਿਆ ਨਹੀਂ ਜਾ ਸਕਦਾ *****

ਇਨ੍ਹਾਂ ਤਬਦੀਲੀਆਂ ਦਾ ਟਰੱਕ ਡਰਾਈਵਰ ਲਈ ਕੀ ਮਤਲਬ ਹੈ?

1. ਆਪਣੀ ਰੀਜ਼ਰਵੇਸ਼ਨ ਵਾਲੀ ਖਿੜਕੀ ਦੇ ਸਕਿਉਰੀਗਾਰਡ ਕੋਲ ਪਹੁੰਚਣ ’ਤੇ ਕਿਰਪਾ ਕਰਕੇ ਆਪਣਾ **ਵਿਜ਼ਟ ਨੰਬਰ** ਦਿਉ ਅਤੇ ਦਿੱਤੀਆਂ ਜਾਣ ਵਾਲੀਆਂ ਹਿਦਾਇਤਾਂ ਦੀ ਪਾਲਣਾ ਕਰੋ।
2. ਪੈਡਸਟਲ ’ਤੇ ਪਹੁੰਚਣ ਵੇਲੇ ਕਿਰਪਾ ਕਰਕੇ ਚੈੱਕਰ ਨੂੰ ਆਪਣਾ **ਵਿਜ਼ਟ ਨੰਬਰ** ਦਿਉ। ਇਹ **ਵਿਜ਼ਟ ਨੰਬਰ** ਤੁਹਾਡੀਆਂ ਸਾਰੀਆਂ ਅਪੌਇੰਟਮੈਂਟਾਂ ਦੀ ਪਛਾਣ ਕਰੇਗਾ।
3. ਕੈਨਪੀ ਵਿਖੇ ਪਹੁੰਚਣ ਵੇਲੇ, ਕਿਰਪਾ ਕਰਕੇ ਆਪਣੀ **ਡਰੌਪ-ਔਫ ਟਿਕਟਸ ਟੂ ਦਾ ਚੈੱਕਰ** ਦਿਉ। ਤੁਹਾਨੂੰ ਇਕ ਇਕੁਇਪਮੈਂਟ ਇੰਟਰਚੇਂਜ ਰਸੀਦ (ਈ ਆਈ ਆਰ) ਦਿੱਤੀ ਜਾਵੇਗੀ ਜਿਸ ਉੱਪਰ ਇਸ ਬਾਰੇ ਹੋਰ ਹਿਦਾਇਤਾਂ ਹੋਣਗੀਆਂ ਕਿ ਤੁਸੀਂ ਯਾਰਡ ਵਿਚ ਆਪਣੇ ਕਨਟੇਨਰ ਕਿੱਥੇ ਲੈ ਕੇ ਜਾਣੇ ਹਨ।
4. ਆਊਟ-ਗੇਟ ’ਤੇ ਪਹੁੰਚਣ ਵੇਲੇ, ਤੁਹਾਨੂੰ ਆਪਣੇ ਵਲੋਂ ਚੁੱਕੇ ਗਏ ਹਰ ਕਨਟੇਨਰ ਲਈ ਈ ਆਈ ਆਰ ਦਿੱਤੀ ਜਾਵੇਗੀ (ਸੈਂਟਰਨ ਟਿਕਟਾਂ ਵਰਗੀ)। ਨਵਾਂ ਕਾਰਡ 4” X 6” ਦਾ ਹੈ ਜਿਸ ’ਤੇ ਹੁਣ ਦਸਤਖਤਾਂ ਦੀ ਲੋੜ ਨਹੀਂ ਹੈ।
5. ਯਾਰਡ ਵਿਚ ਨਵੀਂਆਂ ਟ੍ਰਾਂਜ਼ੈਕਸ਼ਨਾਂ ਨਹੀਂ ਬਣਾਈਆਂ ਜਾਣਗੀਆਂ, ਤੁਹਾਨੂੰ ਟਰਮੀਨਲ ਵਿੱਚੋਂ ਬਾਹਰ ਜਾਣਾ ਪਵੇਗਾ, ਨਵਾਂ **ਵਿਜ਼ਟ ਨੰਬਰ** ਲੈਣ ਲਈ ਡਿਸਪੈਚ ਨੂੰ ਫੋਨ ਕਰੋ ਅਤੇ ਸਾਰੀਆਂ ਨਵੀਂਆਂ ਟ੍ਰਾਂਜ਼ੈਕਸ਼ਨਾਂ ਲਈ ਮੁੜ ਕੇ ਲਾਈਨ ਵਿਚ ਲੱਗੋ।

ਤੁਹਾਡੇ ਲੋਕਲ ਡਿਸਪੈਚ ਦਫਤਰ ਨੂੰ ਟਰੇਨਿੰਗ ਦੇ ਦਿੱਤੀ ਗਈ ਹੈ। ਨਵੇਂ ਰੀਜ਼ਰਵੇਸ਼ਨ ਸਿਸਟਮ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਹੋਰ ਸਵਾਲ ਹੋਵੇ ਤਾਂ ਕਿਰਪਾ ਕਰਕੇ ਆਪਣੇ ਲੋਕਲ ਦਫਤਰ ਨਾਲ ਸੰਪਰਕ ਕਰੋ।